# ਮਾਊਂਟ ਕੋਲ-ਪਾਇਰੀਨੀਜ਼ ਖੇਤਰ ਵਿੱਚ ਨਵੇਂ ਪਾਰਕ

ਵਿਕਟੋਰੀਆ ਦੀ ਸਰਕਾਰ ਮੱਧ ਪੱਛਮੀ ਵਿਕਟੋਰੀਆ ਵਿੱਚ 75,000 ਹੈਕਟੇਅਰ ਤੋਂ ਵੱਧ ਨਵੇਂ ਪਾਰਕ ਅਤੇ ਹਰਿਆਲੀ ਵਾਲੇ ਖੇਤਰ ਬਣਾ ਰਹੀ ਹੈ, ਜਿਸ ਵਿੱਚ ਤਿੰਨ ਨਵੇਂ ਰਾਸ਼ਟਰੀ ਪਾਰਕ ਵੀ ਸ਼ਾਮਲ ਹਨ।

ਮਾਊਂਟ ਕੋਲ ਪਾਇਰੀਨੀਜ਼ ਖੇਤਰ ਵਿੱਚ, ਅਸੀਂ ਦੋ ਨਵੇਂ ਰਾਸ਼ਟਰੀ ਪਾਰਕ, ਇਕ ਨਵਾਂ ਖੇਤਰੀ ਪਾਰਕ ਅਤੇ ਦੋ ਨਵੇਂ ਕੁਦਰਤੀ ਹਰਿਆਲੀ ਵਾਲੇ ਖੇਤਰ ਬਣਾ ਰਹੇ ਹਾਂ।

ਅਸੀਂ ਵਾਤਾਵਰਣ ਦੀ ਲੰਬੀ ਮਿਆਦ ਦੀ ਸੁਰੱਖਿਆ ਦੀ ਵਿਵਸਥਾ ਕਰ ਰਹੇ ਹਾਂ, ਅਤੇ ਇਹ ਯਕੀਨੀ ਬਣਾ ਰਹੇ ਹਾਂ ਕਿ ਵਿਕਟੋਰੀਆ ਵਾਸੀ ਸਾਡੀਆਂ ਸੁੰਦਰ ਖੁੱਲ੍ਹੀਆਂ ਥਾਵਾਂ ਦਾ ਆਨੰਦ ਲੈਣਾ ਜਾਰੀ ਰੱਖ ਸਕਦੇ ਹਨ।

ਅਸੀਂ ਦੇਸ਼ ਨਾਲ ਜੁੜੇ ਰਹਿਣ ਦਾ ਸਮਰਥਨ ਕਰਨ ਅਤੇ ਨਵੇਂ ਪਾਰਕਾਂ ਅਤੇ ਹਰਿਆਲੀ ਵਾਲੇ ਖੇਤਰਾਂ ਦਾ ਨਾਮ ਰੱਖਣ ਲਈ ਰਵਾਇਤੀ ਮਾਲਕਾਂ ਨਾਲ ਭਾਈਵਾਲੀ ਕਰਨ ਲਈ ਵੀ ਵਚਨਬੱਧ ਹਾਂ।

| **ਨਵੀਆਂ ਰਾਸ਼ਟਰੀ ਪਾਰਕਾਂ ਵਿੱਚ, ਤੁਸੀਂ ਇਹ ਕਰਨ ਲਈ ਜਾ ਸਕੋਗੇ:** | **ਨਵੀਆਂ ਖੇਤਰੀ ਪਾਰਕਾਂ ਵਿੱਚ, ਤੁਸੀਂ ਇਹ ਕਰਨ ਲਈ ਜਾ ਸਕੋਗੇ:** |
|---|---|
| ਜੰਗਲ ਦੀ ਸੈਰ ਕਰਨਾ (ਬੁਸ਼ਵਾਕਿੰਗ), ਕੁਦਰਤ ਨੂੰ ਨਿਹਾਰਨਾ ਅਤੇ ਪਿਕਨਿਕ ਕਰਨੀ | ਜੰਗਲ ਦੀ ਸੈਰ ਕਰਨਾ (ਬੁਸ਼ਵਾਕਿੰਗ), ਕੁਦਰਤ ਨੂੰ ਨਿਹਾਰਨਾ ਅਤੇ ਪਿਕਨਿਕ ਕਰਨੀ |
| ਗੱਡੀ ਚਲਾਉਣਾ ਅਤੇ ਚਾਰ-ਪਹੀਆ ਡਰਾਈਵਿੰਗ | ਗੱਡੀ ਚਲਾਉਣਾ ਅਤੇ ਚਾਰ-ਪਹੀਆ ਡਰਾਈਵਿੰਗ |
| ਕੈਂਪ ਲਗਾਉਣਾ | ਕੈਂਪ ਲਗਾਉਣਾ |
| ਟਰੇਲ ਬਾਈਕ ਰਾਈਡਿੰਗ | ਟਰੇਲ ਬਾਈਕ ਰਾਈਡਿੰਗ |
| ਮਾਊਂਟੇਨ ਬਾਈਕਿੰਗ ਅਤੇ ਸਾਈਕਲ ਚਲਾਉਣਾ | ਮਾਊਂਟੇਨ ਬਾਈਕਿੰਗ ਅਤੇ ਸਾਈਕਲ ਚਲਾਉਣਾ |
| ਕੁਝ ਖੇਤਰਾਂ ਵਿੱਚ ਕੁੱਤੇ ਨੂੰ ਸੈਰ ਕਰਵਾਉਣਾ | ਸੜਕਾਂ ਉੱਤੇ ਘੋੜ ਸਵਾਰੀ |
| ਸੜਕਾਂ ਉੱਤੇ ਘੋੜ ਸਵਾਰੀ | ਕੁੱਤੇ ਨੂੰ ਸੈਰ ਕਰਵਾਉਣਾ |
| ਮਨੋਰੰਜਨ ਲਈ ਖਣਿਜ ਲੱਭਣਾ। | |

VICTORIA State Government | Environment, Land, Water and Planning

ਸਰਕਾਰੀ

## ਬਾਹਰਵਾਰ ਵਧੀਆ ਅਨੁਭਵ ਤਿਆਰ ਕਰਨਾ

105.6 ਮਿਲੀਅਨ ਡਾਲਰ ਦੇ ਵਿਕਟੋਰੀਆ ਦੇ ਗ੍ਰੇਟ ਆਊਟਡੋਰਜ਼ ਪੈਕੇਜ ਰਾਹੀਂ, ਮਾਊਂਟ ਕੋਲ ਅਤੇ ਮਾਊਂਟ ਬੁਆਂਗੋਰ ਇਲਾਕੇ ਵਿੱਚ ਕੈਂਪ ਗਰਾਊਂਡਾਂ ਨੂੰ ਸੁਧਾਰਿਆ ਜਾਵੇਗਾ, ਜਿਸ ਵਿੱਚ ਟੌਇਲਟ, ਸ਼ੈਲਟਰ, ਅਤੇ ਚਿੰਨ੍ਹਾਂ ਵਿੱਚ ਸੁਧਾਰ ਸ਼ਾਮਲ ਹਨ, ਜੋ ਇਹਨਾਂ ਖੇਤਰਾਂ ਵਿੱਚ ਸੈਲਾਨੀਆਂ ਦੇ ਅਨੁਭਵ ਨੂੰ ਵਧੀਆ ਬਣਾਏਗਾ।

ਮਾਊਂਟ ਕੋਲ ਅਤੇ ਬੁਆਂਗੋਰ ਇਲਾਕੇ ਵਿੱਚ ਗਲੂਟ ਅਤੇ ਮੁਗਵੈਂਪ ਕੈਂਪ ਗਰਾਊਂਡਾਂ ਦੇ ਨਾਲ-ਨਾਲ ਡਿੱਚਫੀਲਡ ਕੈਂਪ ਅਤੇ ਫਰਥ ਪਾਰਕ ਲੂਪ ਸ਼ਾਮਲ ਹਨ।

## ਮਾਊਂਟ ਕੋਲ-ਪਾਇਰੀਨੀਜ਼ ਖੇਤਰ ਲਈ ਕੀ ਬਦਲ ਰਿਹਾ ਹੈ

ਅਸੀਂ ਤਿਆਰ ਕਰ ਰਹੇ ਹਾਂ:

- ਨਵਾਂ ਪਾਇਰੀਨੀਜ਼ ਨੈਸ਼ਨਲ ਪਾਰਕ (15,126 ਹੈਕਟੇਅਰ ਜਿਸ ਵਿੱਚ 4,443 ਹੈਕਟੇਅਰ ਮੌਜੂਦਾ ਕੁਦਰਤੀ ਹਰਿਆਲੀ ਵਾਲਾ ਖੇਤਰ ਵੀ ਸ਼ਾਮਲ ਹੈ)
- ਮਾਊਂਟ ਬੁਆਂਗੋਰ ਨੈਸ਼ਨਲ ਪਾਰਕ (5,282 ਹੈਕਟੇਅਰ ਜਿਸ ਵਿੱਚ 2,498 ਹੈਕਟੇਅਰ ਮੌਜੂਦਾ ਸਟੇਟ ਪਾਰਕ ਸ਼ਾਮਲ ਹੈ)
- ਪਾਇਰੀਨੀਜ਼ ਖੇਤਰੀ ਪਾਰਕ (2,016 ਹੈਕਟੇਅਰ)
- ਵਾਟਰਲੂ ਨੇਚਰ ਰਿਜ਼ਰਵ (1,696 ਹੈਕਟੇਅਰ)
- ਬੇਨ ਨੇਵਿਸ ਨੇਚਰ ਰਿਜ਼ਰਵ (1,088 ਹੈਕਟੇਅਰ)।

ਬਹੁਤ ਸਾਰੇ ਨਵੇਂ ਪਾਰਕਾਂ ਅਤੇ ਹਰਿਆਲੀ ਵਾਲੇ ਖੇਤਰਾਂ ਦਾ ਨਾਮ ਰਵਾਇਤੀ ਮਾਲਕਾਂ ਨਾਲ ਭਾਈਵਾਲੀ ਕਰ ਕੇ ਰੱਖਿਆ ਜਾਵੇਗਾ

ਅਸੀਂ ਇਹ ਵੀ ਕਰ ਰਹੇ ਹਾਂ:

- ਰਾਜ ਦੇ ਜੰਗਲਾਂ ਦੇ ਮਹੱਤਵਪੂਰਣ ਖੇਤਰਾਂ ਨੂੰ ਬਰਕਰਾਰ ਰੱਖਣਾ, ਜਿਸ ਵਿੱਚ ਪਾਇਰੀਨੀਜ਼ (3,099 ਹੈਕਟੇਅਰ) ਅਤੇ ਮਾਊਂਟ ਕੋਲ (5,037 ਹੈਕਟੇਅਰ) ਦੇ ਕੁਝ ਹਿੱਸੇ ਸ਼ਾਮਲ ਹਨ। ਰਾਜ ਦੇ ਜੰਗਲਾਂ ਵਿੱਚ, ਜਿੱਥੇ ਵਿਕਟੋਰੀਆ ਵਾਸੀ ਮਨੋਰੰਜਕ ਗਤੀਵਿਧੀਆਂ ਦੀ ਵਿਆਪਕ ਲੜੀ ਦਾ ਅਨੰਦ ਲੈਣਾ ਜਾਰੀ ਰੱਖ ਸਕਦੇ ਹਨ, ਅਸੀਂ ਵਿਮੇਰਾ ਵਿਰਾਸਤੀ ਨਦੀ ਨੂੰ ਵਧਾ ਰਹੇ ਹਾਂ ਤਾਂ ਜੋ 276 ਹੈਕਟੇਅਰ ਵਾਧੂ ਸ਼ਾਮਲ ਕੀਤਾ ਜਾ ਸਕੇ। ਇਸ ਸਭਿਆਚਾਰਕ ਅਤੇ ਵਾਤਾਵਰਣ ਪੱਖੋਂ

ਮਹੱਤਵਪੂਰਣ ਨਦੀ ਦਾ ਉੱਪਰਲੇ 7 ਕਿਲੋਮੀਟਰ ਲੰਬੇ ਬੇਨ ਮੇਜਰ ਨੇਚਰ ਰਿਜ਼ਰਵ (ਵਾਧੂ 2409 ਹੈਕਟੇਅਰ) ਦਾ ਵਿਸਤਾਰ ਕਰਦਾ ਹੈ।

- ਰਾਜ ਦੇ ਜੰਗਲ ਵਿੱਚ ਹਿਰਨਾਂ ਦੇ ਸ਼ਿਕਾਰ ਲਈ ਵਧੇ ਹੋਏ ਮੌਕੇ ਪ੍ਰਦਾਨ ਕਰਨ ਲਈ ਮਾਊਂਟ ਕੋਲ ਗੇਮ ਸੈਂਚੁਰੀ ਨੂੰ ਰੱਦ ਕਰਨਾ।
- ਨਿਊ ਪਾਇਰੀਨੀਜ਼ ਨੈਸ਼ਨਲ ਪਾਰਕ ਵਿੱਚ ਮੌਸਮੀ ਹਿਰਨਾਂ ਦੇ ਸ਼ਿਕਾਰ (ਪਿੱਛਾ ਕਰਕੇ) ਦੀ ਆਗਿਆ ਦੇਣਾ, ਜਦੋਂ ਇਹ ਉਨ੍ਹਾਂ ਖੇਤਰਾਂ ਵਿੱਚ ਸਥਾਪਤ ਕੀਤਾ ਜਾਂਦਾ ਹੈ ਜਿੱਥੇ ਇਸ ਸਮੇਂ ਇਸ ਦੀ ਆਗਿਆ ਹੈ ਪਰ ਕੁਝ ਪਾਬੰਦੀਆਂ ਦੇ ਨਾਲ।
- ਪਾਇਰੀਨੀਜ਼ ਅਤੇ ਮਾਊਂਟ ਬੁਆਂਗੋਰ ਰਾਸ਼ਟਰੀ ਪਾਰਕਾਂ ਦੀ ਪੜਾਅਵਾਰ ਸਿਰਜਣਾ ਕਰਨਾ ਤਾਂ ਜੋ ਵੱਧ ਤੋਂ ਵੱਧ 2030 ਤੱਕ ਕੁਝ ਲੱਕੜ ਦੀ ਕਟਾਈ ਦੀ ਆਗਿਆ ਦਿੱਤੀ ਜਾ ਸਕੇ। ਲੱਕੜ ਦੀ ਕਟਾਈ ਦੀ ਗਤੀਵਿਧੀ ਤੋਂ ਹੋਣ ਵਾਲੇ ਕਿਸੇ ਵੀ ਪ੍ਰਭਾਵਾਂ ਨੂੰ ਘੱਟ ਕਰਨ ਲਈ ਬੀਰੀਪਮੋ ਵਾਕ ਦੇ ਨਾਲ-ਨਾਲ 80 ਮੀਟਰ ਦੇ ਖੇਤਰ ਨੂੰ ਜਿਵੇਂ ਦਾ ਤਿਵੇਂ ਰੱਖਿਆ ਜਾਵੇਗਾ।

## ਇਹਨਾਂ ਤਬਦੀਲੀਆਂ ਬਾਰੇ

ਇਹ ਤਬਦੀਲੀਆਂ ਵਿਕਟੋਰੀਅਨ ਵਾਤਾਵਰਣ ਮੁਲਾਂਕਣ ਕੌਂਸਲ (VEAC's) ਦੀ ਮੱਧ ਪੱਛਮੀ ਤਫ਼ਤੀਸ਼ ਦੀ ਅਖੀਰਲੀ ਰਿਪੋਰਟ ਅਤੇ ਇਸ ਦੀਆਂ ਸਿਫਾਰਸ਼ਾਂ ਪ੍ਰਤੀ ਵਿਕਟੋਰੀਆ ਸਰਕਾਰ ਦੀ ਪ੍ਰਤੀਕਿਰਿਆ ਨੂੰ ਦਰਸਾਉਂਦੀਆਂ ਹਨ।

ਇਹ ਤਬਦੀਲੀਆਂ ਸਾਡੇ ਕੀਮਤੀ ਵਾਤਾਵਰਣ ਅਤੇ ਜੈਵ-ਵਿਭਿੰਨਤਾ ਦੇ ਵੈਭਵ ਨੂੰ ਸੁਰੱਖਿਅਤ ਰੱਖਦੀਆਂ ਹਨ, ਅਤੇ ਟਿਕਾਊ ਸੰਤੁਲਨ ਕਾਇਮ ਕਰਦੀਆਂ ਹਨ, ਜਿਸ ਦਾ ਉਦੇਸ਼ ਹੁਣ ਅਤੇ ਭਵਿੱਖ ਵਿੱਚ ਸਾਰੇ ਜ਼ਮੀਨੀ ਖਪਤਕਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਹੈ।

ਤੁਸੀਂ ਸਾਡੀ ਵੈੱਬਸਾਈਟ ਉੱਤੇ ਸਰਕਾਰੀ ਪ੍ਰਤੀਕਿਰਿਆ ਵੇਖ ਸਕਦੇ ਹੋ।

ਜੇ ਤੁਹਾਨੂੰ ਸਹਾਇਤਾ ਚਾਹੀਦੀ ਹੈ, ਅਨੁਵਾਦ ਅਤੇ ਦੋਭਾਸ਼ੀਆ ਸੇਵਾ ਵਿੱਚ ਮਦਦ ਲਈ ਕਿਰਪਾ ਕਰਕੇ Translating and Interpreting Service (TIS) ਨੂੰ ਸੰਪਰਕ ਕਰੋ। TIS National ਨੂੰ 131 450 (ਆਸਟ੍ਰੇਲੀਆ ਦੇ ਅੰਦਰ) ਉੱਤੇ ਸੰਪਰਕ ਕਰੋ ਜਾਂ www.tisnational.gov.au ਉੱਤੇ ਜਾਓ